# ਜਾਗਦੀ ਅੱਖ–ਸੁਖਿੰਦਰ

## –ਡਾ. ਗੁਰਬਖ਼ਸ਼ ਸਿੰਘ ਭੰਡਾਲ

ਜਾਗਦੀ ਅੱਖ ਵਾਲੇ ਲੋਕ ਸਮਿਆਂ ਦੇ ਕਪਟੀ ਰੰਗਾਂ ਵਿਚ ਛੁਪੇ ਸਰੋਕਾਰਾਂ ਨੂੰ ਸਮਝਣ ਦੇ ਸਮਰੱਥ ਹੁੰਦੇ ਹਨ ਤੇ ਜੇ ਇਹ ਸਰੋਕਾਰ ਮਾਨਵੀ ਕਦਰਾਂ ਕੀਮਤਾਂ ਨੂੰ ਮਲੀਆ-ਮੇਟ ਕਰਨ 'ਤੇ ਉਤਾਰੂ ਹੋਣ ਤਾਂ ਜਾਗਦੀ ਅੱਖ ਇਹਨਾਂ ਦਾ ਪਰਦਾ-ਫਾਸ਼ ਕਰਨ ਲੱਗਿਆਂ ਰਤਾ ਵੀ ਦੇਰ ਵੀ ਨਹੀਂ ਲਾਉਂਦੀ. ਅਜੇਹੀ ਜਾਗਦੀ ਅੱਖ ਦਾ ਨਾਮ ਹੈ ਸੁਖਿੰਦਰ, ਜੋ ਵਿਸ਼ਵੀਕਰਨ ਦੇ ਓਹਲੇ ਹੇਠ ਅਮਾਨਵੀਕਰਨ ਦੇ ਮਨਸੂਬਿਆਂ ਦੀਆਂ ਤੰਦਾਂ ਉਧੇੜਨ ਲੱਗਿਆਂ, ਬਹੁਤ ਬੇਲਿਹਾਜ ਹੋ ਜਾਂਦਾ ਹੈ. ਉਸਦੀ ਕਵਿਤਾ ਭਾਵੇਂ ਕੁੱਤਿਆਂ ਨਾਲ ਗੋਸ਼ਟੀ ਕਰਦੀ ਹੋਵੇ ਜਾਂ ਪ੍ਰਦੂਸ਼ਿਤ ਹਵਾ ਸੰਗ ਸੰਵਾਦ ਰਚਾਉਂਦੀ ਹੋਵੇ, ਉਹ ਮਨੁੱਖ ਦੀਆਂ ਸੁੰਗੜ ਰਹੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਕਹਿੰਦਾ ਹੈ:

ਮਨੁੱਖੀ ਇਤਿਹਾਸ ਵਿਚ ਵਾਪਰੇ
ਦਰਿੰਦਗੀ ਦੇ ਸ਼ਰਮਨਾਕ ਹਾਦਸੇ
ਸਾਡੇ ਮੱਥਿਆਂ ਵਿਚ ਸਦਾ ਹੀ
ਨਾਸੂਰ ਬਣ ਕੇ ਰਿਸਦੇ ਰਹਿਣਗੇ

ਗਲੋਬਲੀਕਰਨ ਵਾਲੀਆਂ ਕਵਿਤਾਵਾਂ ਸਾਡੇ ਚੌਫੇਰੇ ਪਸਰੇ ਹੋਏ ਵਰਤਾਰਿਆਂ ਦਾ ਕੱਚਾ ਚਿੱਠਾ ਫਰੋਲਦੀਆਂ, ਬਹੁਤ ਸਾਰੇ ਸੁਆਲ ਸਾਡੇ ਮਸਤਕ ਵਿਚ ਧਰਦੀਆਂ, ਉਹਨਾਂ ਦੇ ਜੁਆਬ ਲਈ ਸਾਡੇ ਹੁੰਗਾਰੇ ਦੀ ਤਲਾਸ਼ ਕਰਦੀਆਂ ਹਨ. ਇਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਵਾਪਰਿਆ ਹਾਲਾਕਾਸਟ ਹੋ ਸਕਦਾ ਹੈ. ਜੋ ਅਮਰੀਕੀ ਸਾਮਰਾਜ ਵੀਅਤਨਾਮ, ਅਫਗਾਨਿਸਤਾਨ ਜਾਂ ਇਰਾਕ ਵਿਚ ਵਰਤਾਉਂਦਾ ਏ, ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਐਟਮੀ ਤਬਾਹੀ ਨਾਲ ਉਕਰੀ ਤਰਾਸਦੀ ਹੋ ਸਕਦਾ ਹੈ ਜਾਂ ਨਾਪਾਮ ਬੰਬਾਂ ਨਾਲ ਮਨੁੱਖਤਾ ਤੋਂ ਅਪਾਹਜਤਾ ਤੀਕ ਦਾ ਸਫਰ ਹੋ ਸਕਦਾ ਏ.

ਸੁਖਿੰਦਰ ਦੇ ਸ਼ਬਦ ਨੇ:

ਹਾਲਾਕਾਸਟ, ਚਾਹੇ
ਹਿੰਦੁਸਤਾਨ, ਪਾਕਿਸਤਾਨ ਦੀ ਵੰਡ ਵੇਲੇ
ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈਆਂ ਵੱਲੋਂ
ਧਰਮ ਦੇ ਨਾਮ ਉਤੇ ਵਿਖਾਈ
ਆਪਸੀ ਦਰਿੰਦਗੀ ਤੇ ਕਮੀਨਗੀ ਨਾਲ ਵਾਪਰਿਆ ਹੋਵੇ
ਜਾਂ ਫਲਸਤੀਨੀ ਰਿਫਊਜ਼ੀ ਕੈਂਪਾਂ ਉਤੇ
ਇਜ਼ਰਾਇਲੀ ਹਵਾਈ ਜਹਾਜਾਂ ਵਲੋਂ ਕੀਤੀ ਜਾ ਰਹੀ
ਕਲੱਸਟਰ ਬੰਬਾਂ ਦੀ ਵਰਖਾ

ਉਚੀ ਸੁਰ ਵਾਲੀ ਉਸਦੀ ਕਵਿਤਾ ਵਿਚ ਰੋਹ ਦੀ ਦਸਤਕ ਏ, ਸ਼ਬਦਾਂ ਵਿਚ ਅਰਥਾਂ ਦਾ ਅਗਨ ਸੇਕ ਏ. ਉਸਦੀ ਕਵਿਤਾ ਦੇ ਬੋਲ ਹਾਕਾਂ ਮਾਰਦੇ, ਹੁੰਗਾਰਾ ਲੋੜਦੇ ਤੇ ਹੱਕ ਮੰਗਦੇ ਨੇ. ਸਫਿਆਂ ‘ਤੇ ਜ਼ਖਮੀ ਅਹਿਸਾਸ ਧਰਨ ਵਾਲਾ ਸੁਖਿੰਦਰ, ਬਲਦੀਆਂ ਭਾਵਨਾਵਾਂ ਦਾ ਚਿਰਾਗ ਏ. ਉਹ ਕਹਿੰਦਾ ਏ:

ਸੂਰਜ ਦੀ ਧੁੱਪ ਵਾਂਗ
ਸਾਡੇ ਇਹਨਾਂ ਸ਼ਬਦਾਂ ਨੇ
ਚੌਗਿਰਦੇ ਚ ਫੈਲ ਜਾਣਾ,
ਤੁਹਾਡੇ ਰੋਕਿਆਂ ਵੀ
ਇਹਨਾਂ ਨੇ ਤੁਹਾਡੇ ਸਾਹਾਂ ਚ ਰਲ ਜਾਣਾ
ਇਹਨਾਂ ਕਵਿਤਾਵਾਂ ਦੇ ਇਕ ਇਕ ਬੋਲ ਨੇ
ਤੁਹਾਡੀ ਚੇਤਨਾ ਦੇ ਬੁਝੇ ਹੋਏ
ਦੀਵੇ ਜਗਾਉਣੇ ਨੇ

ਸ਼ਰਾਬ ਦੀ ਬੋਤਲ ਖਾਤਰ ਵਿੱਕਦੀ ਵੋਟ, ਚੇਤਨਾ ਦੇ ਬੁਝੇ ਦੀਵੇ ਤੇ ਗਲੋਬਲ ਪਿੰਡ ਦੀ ਮਾਤਮੀ ਧਾਰਨਾ ਦੀ ਦੁਹਾਈ ਪਾਉਣ ਵਾਲਾ ਸੁਖਿੰਦਰ, ਆਪਣੇ ਹਮਜੋਲੀਆਂ ਦੀ ਬਾਂਹ ਮਰੋੜਦਾ, ਉਹਨਾਂ ਨੂੰ ਜਗਾਉਣ ਦੀ ਕੋਸ਼ਿਸ਼ ਕਰਦਾ ਏ. ਉਸਦੇ ਬੋਲ ਨੇ:

ਅਖਬਾਰਾਂ, ਮੈਗਜ਼ੀਨਾਂ ਦੇ ਮੁੱਖ ਪੰਨਿਆਂ
ਟੈਲੀਵਿਜ਼ਨ ਸਕਰੀਨਾਂ ਉਤੇ ਦਿਨ ਭਰ
ਵਿਸ਼ਵ ਇਕ ਗਲੋਬਲ ਪਿੰਡ ਦਾ
ਮੋਹ ਭਰਿਆ ਨਾਹਰਾ ਦੇਣ ਵਾਲੇ
ਦਰਸ਼ਨੀ ਚਿਹਰੇ ਸ਼ਾਮਾਂ ਪੈਂਦਿਆਂ ਹੀ
ਤੁਹਾਡੇ ਘਰਾਂ ਨੂੰ ਰੰਡੀਆਂ ਦੇ

ਕੋਠਿਆਂ ਵਿਚ ਬਦਲਣ ਲਈ
ਕਿਉਂ ਯਤਨਸ਼ੀਲ ਹੁੰਦੇ ਨੇ?

ਮਹਿਜ਼ ਲਿਖਣ ਲਈ ਨਾ ਲਿਖਣ ਵਾਲਾ ਸੁਖਿੰਦਰ ਦਾ ਸ਼ਬਦੀ ਰੋਹ ਚਰਮ ਸੀਮਾ ਵੀ ਉਲੰਘ ਜਾਂਦਾ ਏ ਜਦ ਕੋਈ ਧਾਰਮਿਕ ਅਸਥਾਨ ਨੂੰ ਵੇਸਵਾ ਘਰ ਬਣਾਉਂਦਾ ਏ, ਕੋਈ ਮਾਂ ਆਪਣੀ ਧੀ ਕੋਲੋਂ ਪੇਸ਼ਾ ਕਰਵਾਉਂਦੀ ਏ, ਜਦ ਮਨੁੱਖ ਵਿਕਦਾ ਏ, ਉਸਦੀਆਂ ਕਦਰਾਂ ਕੀਮਤਾਂ ਰੇਜ਼ਾ ਰੇਜ਼ਾ ਹੋ ਜਾਂਦੀਆਂ ਨੇ. ਵਕਤ ਦੇ ਹਾਉਕੇ 'ਤੇ ਹਰਫਾਂ ਦੇ ਹੰਝੂਆਂ ਸੰਗ ਸੰਵਾਦ ਰਚਾਉਣ ਵਾਲੀ ਸੁਖਿੰਦਰ ਦੀ ਕਵਿਤਾ, ਤੁਹਾਡੇ ਦੀਦਿਆਂ ਨੂੰ ਹੰਝੂਆਂ ਸੰਗ ਭਿਆਉਂਦੀ ਏ, ਜਦ ਸਾਡਾ ਸਭਿਆਚਾਰ 'ਕੌਣ ਜੰਮ ਪਿਆ ਸੂਰਮਾ ਜਿਹੜਾ ਜੱਟ ਦੀ ਬੜਕ ਨੂੰ ਰੋਕੇ' ਤੱਕ ਦਾ ਸਫਰ ਤਹਿ ਕਰਦਾ ਏ. ਉਹ ਪ੍ਰਸ਼ਨ ਕਰਦਾ ਹੈ ਕਿ ਪੰਜਾਬੀ ਸਭਿਆਚਾਰ ਨੂੰ ਅਜੋਕੇ ਅਰਥ ਕੌਣ ਦੇ ਗਿਆ ਤੇ ਕੀ ਅਸੀਂ ਸਭਿਆਚਾਰ ਨੂੰ ਅਸਭਿਆਚਾਰ ਹੁੰਦੇ ਦੇਖਦੇ ਰਹਾਂਗੇ?:

ਜੱਟ, ਭਾਪੇ, ਤਖਾਣ, ਚੂਹੜੇ
ਉਚ-ਨੀਚ, ਜਾਤ-ਪਾਤ ਮਜ਼ਬੀ
ਮਨੂੰਵਾਦ ਦੇ ਕੋਹੜ ਦੀ ਜਕੜ ਤੋਂ ਪੰਜਾਬ
ਮੁਕਤੀ ਪ੍ਰਾਪਤ ਨਹੀਂ ਕਰ ਸਕਿਆ
ਧਾਰਮਿਕ ਮੱਠਾਂ, ਡੇਰਿਆਂ, ਭੋਰਿਆਂ 'ਚ
ਸੰਤਾਂ, ਮਹੰਤਾਂ, ਬਾਬਿਆਂ ਦੇ ਨਾਮ ਹੇਠ
ਸੱਪਾਂ, ਬਘਿਆੜਾਂ, ਮਗਰਮੱਛਾਂ ਵਾਗੂੰ ਲੁਕੇ ਬੈਠੇ
ਬਲਾਤਕਾਰ, ਕਾਤਲ, ਸਮਗਲਰ, ਠੱਗ
ਪੰਜਾਬ ਦੇ ਚੱਪੇ ਚੱਪੇ ਵਿਚ
ਦਹਿਸ਼ਤ ਫੈਲਾ ਰਹੇ ਹਨ

ਕੁੱਖਾਂ 'ਚ ਕਤਲ ਕਰ ਦਿਤੀਆਂ ਗਈਆਂ ਕੰਜਕਾਂ ਦੀ ਹੂਕ, ਬੇਵਾ ਹੋ ਰਹੀਆਂ ਇਰਾਕੀ/ਫਲਸਤੀਨੀ/ਅਫਗਾਨੀ ਔਰਤਾਂ ਦੀ ਲੇਰ, ਜੇਲ੍ਹਾਂ ਚ ਰੁਲ ਰਹੇ ਹੱਕ ਮੰਗਦੇ ਮਜਦੂਰਾਂ ਦੀ ਬੇਬਸੀ, ਕੁੱਲੀ, ਜੁੱਲੀ ਤੇ ਗੁੱਲੀ ਦੇ ਹਰਫਾਂ ਚੋਂ ਟੁੱਕਰ ਤਲਾਸ਼ਦੇ ਬੱਚਿਆਂ ਦੀ ਭੁੱਖਮਰੀ, ਮੀਡੀਆ ਦੇ ਡਾਇਨਾਸੋਰ ਵਲੋਂ ਹੜੱਪੀਆਂ ਜਾ ਰਹੀਆਂ ਸੁਹਜ ਕਲਾਵਾਂ ਦਾ ਮਾਤਮ ਤੇ ਗੰਧਲੀ ਹਵਾ / ਸੋਚ ਦੀ ਬੇਰੁਖੀ ਦਾ ਦਰਦ ਮਾਣਦੀ ਸੁਖਿੰਦਰ ਦੀ ਕਵਿਤਾ, ਮਨੁੱਖੀ ਚੇਤਨਾ 'ਚ ਇਕ ਪ੍ਰਸ਼ਨ ਧਰਦੀ ਹੈ ਤੇ ਉਸਦਾ ਜਵਾਬ ਵੀ ਮੰਗਦੀ ਹੈ

ਜਦ ਉਹ ਲਿਖਦਾ ਹੈ:
ਸਾਡੇ ਪਾਣੀਆਂ ਨੂੰ

ਪ੍ਰਦੂਸ਼ਿਤ ਨਾ ਕਰੋ
ਉਹ ਤਾਂ ਚੁੱਪ ਚਾਪ
ਆਪਣੀ ਤੋਰ ਤੁਰਦੇ ਰਹਿਣਗੇ
ਦਰਿਆਵਾਂ ਨੇ, ਕਦੀ ਕਿਸੇ ਨਾਲ
ਵਿਤਕਰਾ ਨਹੀਂ ਕਰਨਾ

ਸੁਖਿੰਦਰ ਗਲੋਬਲ ਵਾਰਮਿੰਗ ਦਾ ਕਹਿਰ, ਪਲੀਤ ਹੋ ਰਹੇ ਦਰਿਆਵਾਂ ਦਾ ਰੁਦਨ ਤੇ ਗੁੰਮ ਰਹੇ ਦਰਿਆਵਾਂ ਦੀ ਗੁੰਮਸ਼ੁਦੀ ਦੇ ਕਹਿਰ ਨੂੰ ਹਰਫਾਂ ਵਿਚ ਢਾਲਦਾ ਹੈ.

ਸੁਖਿੰਦਰ ਦੀ ਕਵਿਤਾ, ਸਮਿਆਂ ਦਾ ਸੱਚ ਉਗਲਦੀ, ਸਾਡੇ ਸਮਿਆਂ ਦਾ ਹਾਸਲ ਹੈ.

■

-ਡਾ. ਗੁਰਬਖਸ਼ ਭੰਡਾਲ
ਸਹਾਇਕ ਸੰਪਾਦਕ: **‘ਪ੍ਰਵਾਸੀ’**
ਮਾਲਟਨ, ਓਨਟਾਰੀਓ
ਕੈਨੇਡਾ
ਫੋਨ: (905) 673-0600